**ਪੰਜਾਬ ਸਰਕਾਰ** **(Through Website)**
**ਸਿੱਖਿਆ ਵਿਭਾਗ**
**(ਸਿੱਖਿਆ-6 ਸ਼ਾਖਾ)**

ਸੇਵਾ ਵਿਖੇ,

1. ਸਮੂਹ ਮੰਡਲ ਸਿੱਖਿਆ ਅਫਸਰ, ਪੰਜਾਬ।
2. ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ./ਐ.ਸਿ.), ਪੰਜਾਬ।
3. ਸਮੂਹ ਪ੍ਰਿੰਸੀਪਲ/ਸਕੂਲ ਮੁੱਖੀ, ਪੰਜਾਬ।

ਮੀਮੋ ਨੰ : 11/69/17-5 ਸਿ 6/1081880/1-3
ਮਿਤੀ, ਚੰਡੀਗੜ੍ਹ : 11/10/2017

**ਵਿਸ਼ਾ:- ਏ.ਸੀ.ਪੀ./ਕੰਨਫਰਮੇਸ਼ਨ/ਪਰਖ ਕਾਲ ਕੇਸਾਂ ਦੇ ਨਿਪਟਾਰੇ ਲਈ ਡੈਲੀਗੇਟ ਪਾਵਰਾਂ ਦੇ ਸਮਾਂ ਸੀਮਾ ਵਿੱਚ ਵਾਧਾ ਕਰਨ ਸਬੰਧੀ।**

ਉਪਰੋਕਤ ਵਿਸ਼ੇ ਸਬੰਧੀ ਪੰਜਾਬ ਸਰਕਾਰ ਸਿੱਖਿਆ ਵਿਭਾਗ ਵੱਲੋਂ ਕਰਮਚਾਰੀਆਂ/ਅਧਿਕਾਰੀਆਂ ਦੀ ਏਸੀਪੀ/ਕੰਨਫਰਮੇਸ਼ਨ/ਪਰਖ ਕਾਲ ਸਮਾਂ ਸਬੰਧੀ ਲੰਬਿਤ ਕੇਸਾਂ ਦੇ ਨਿਪਟਾਰੇ ਲਈ ਨਿਯੁਕਤੀ ਅਧਿਕਾਰੀ ਦੀਆਂ ਪਾਵਰਾਂ (Powers) ਸਕੂਲਾਂ ਦੇ ਪ੍ਰਿੰਸੀਪਲ/ਮੁੱਖ ਅਧਿਆਪਕ, ਜਿਲ੍ਹਾ ਸਿੱਖਿਆ ਅਧਿਕਾਰੀ, ਬਲਾਕ ਸਿੱਖਿਆ ਅਧਿਕਾਰੀ, ਜਿਨ੍ਹਾ ਦੇ ਦਫਤਰ ਵਿੱਚ ਕਰਮਚਾਰੀ ਦੀ ਸੇਵਾ ਪੱਤਰੀ/ਸੇਵਾ ਰਿਕਾਰਡ ਮੌਜੂਦ ਨੂੰ ਮਿਤੀ 31-08-2017 ਤੱਕ ਡੈਲੀਗੇਟ ਕੀਤੀਆਂ ਗਈਆ ਸਨ। ਸਰਕਾਰ ਦੇ ਧਿਆਨ ਵਿੱਚ ਆਇਆ ਹੈ ਕਿ ਵਿਸ਼ੇ ਅਧੀਨ ਕੇਸਾਂ ਵਿੱਚੋਂ ਕੁੱਝ ਕੇਸ ਅਜੇ ਵੀ ਪੈਡਿੰਗ ਹਨ, ਜਿਨ੍ਹਾਂ ਦੇ ਨਿਪਟਾਰੇ ਲਈ ਇਨ੍ਹਾਂ ਪਾਵਰਾਂ ਵਿੱਚ ਮਿਤੀ 31-10-2017 ਤੱਕ ਵਾਧਾ ਕੀਤਾ ਜਾਂਦਾ ਹੈ ਅਤੇ ਹਦਾਇਤ ਕੀਤੀ ਜਾਂਦੀ ਹੈ ਕਿ ਮਿਤੀ 31-10-2017 ਤੱਕ ਵਿਸ਼ੇ ਅਧੀਨ ਸਾਰੇ ਕੇਸਾਂ ਦਾ ਨਿਪਟਾਰਾ ਕਰਨਾ ਯਕੀਨੀ ਬਣਾਇਆ ਜਾਵੇ। ਇਸ ਮਿਤੀ ਤੋਂ ਬਾਅਦ ਜੇਕਰ ਕੋਈ ਵੀ ਕੇਸ ਲੰਬਿਤ ਪਾਇਆ ਜਾਂਦਾ ਹੈ ਤਾਂ ਸਬੰਧਤ ਡੀ.ਡੀ.ੳ. ਜਿੰਮੇਵਾਰ ਹੋਣਗੇ।

**ਸੱਕਤਰ ਸਕੂਲ ਸਿੱਖਿਆ**
**ਪੰਜਾਬ, ਚੰਡੀਗੜ੍ਹ**

ਪਿੱਠ ਅੰਕਣ ਨੰ. ਮਿਤੀ:-

ਉਪਰੋਕਤ ਦਾ ਇੱਕ ਉਤਾਰਾ ਹੇਠ ਲਿਖਿਆ ਨੂੰ ਸੂਚਨਾ ਅਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

1. ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਮੋਹਾਲੀ, ਪੰਜਾਬ।
2. ਦਫਤਰ ਡਾਇਰੈਕਟਰ ਸਿੱਖਿਆ ਵਿਭਾਗ (ਸੈ.ਸਿ.), ਮੋਹਾਲੀ, ਪੰਜਾਬ।
3. ਦਫਤਰ ਡਾਇਰੈਕਟਰ ਸਿੱਖਿਆ ਵਿਭਾਗ (ਐ.ਸਿ.), ਮੋਹਾਲੀ, ਪੰਜਾਬ।
4. ਡਾਇਰੈਕਟਰ,ਐਸ.ਸੀ.ਈ.ਆਰ.ਟੀ., ਮੋਹਾਲੀ, ਪੰਜਾਬ।

**ਸੱਕਤਰ ਸਕੂਲ ਸਿੱਖਿਆ**
**ਪੰਜਾਬ, ਚੰਡੀਗੜ੍ਹ**